# “ਸਕ੍ਰੀਨ ਪਾਜ਼ੇਟਿਵ” ਨਤੀਜਾ:

## ਇਸ ਦਾ ਮਤਲਬ ਕੀ ਹੈ ਅਤੇ ਮੈਂ ਹੁਣ ਕੀ ਕਰ ਸਕਦੀ ਹਾਂ?

# A Screen Positive Result:

## What does it mean and what do I do now?

ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ
ਬੀ.ਸੀ. ਪੈਰੀਨੇਟਲ ਹੈਲਥ ਪ੍ਰੋਗਰਾਮ ਦਾ ਇਕ ਹਿੱਸਾ

BC Prenatal Genetic Screening Program
PART OF THE BC PERINATAL HEALTH PROGRAM

*ਤੁਹਾਨੂੰ ਹੁਣ ਪਤਾ ਲੱਗ ਗਿਆ ਹੈ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਤੁਹਾਡੀ ਜਿਨੈਟਿਕ ਜਾਂਚ ਦਾ ਨਤੀਜਾ “ਸਕ੍ਰੀਨ ਪਾਜ਼ੇਟਿਵ” ਨਿਕਲਿਆ ਹੈ। ਜਾਂਚ ਇਹ ਪਤਾ ਲਾਉਣ ਲਈ ਕੀਤੀ ਗਈ ਸੀ ਕਿ ਕੀ ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੇ ਹੋਣ ਦਾ ਨੁਕਸ ਤਾਂ ਨਹੀਂ ਹੈ।*

### “ਸਕ੍ਰੀਨ ਪਾਜ਼ੇਟਿਵ” ਨਤੀਜੇ ਦਾ ਕੀ ਮਤਲਬ ਹੈ?

ਇਸ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਵਿੱਚ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦਾ ਨੁਕਸ ਪੈ ਚੁੱਕਾ ਹੈ। ਤੱਥ ਤਾਂ ਇਹ ਹੈ ਕਿ ਇਸ ਨਤੀਜੇ ਵਾਲੀਆਂ ਬਹੁਤੀਆਂ ਔਰਤਾਂ ਨੂੰ ਪੈਦਾ ਹੋਏ ਬੱਚੇ ਵਿੱਚ ਉਪ੍ਰੋਕਤ ਰੋਗ ਹੁੰਦੇ ਹੀ ਨਹੀਂ। ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਵਿੱਚ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦਾ ਨੁਕਸ ਹੋਣ ਦੀ ਗੁੰਜਾਇਸ਼ ਇੰਨੀ ਕੁ ਜ਼ਿਆਦਾ ਹੈ ਕਿ ਤਸ਼ਖੀਸੀ ਜਾਂਚ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਜਾਂਚ ਤੋਂ ਤੁਹਾਨੂੰ ਪੱਕਾ ਪਤਾ ਲੱਗਦਾ ਹੈ ਕਿ ਤੁਹਾਡੇ ਬੱਚੇ ਵਿੱਚ ਉਪ੍ਰੋਕਤ ਤਿੰਨ ਰੋਗ ਮੌਜੂਦ ਹਨ ਜਾਂ ਨਹੀਂ।

ਤੁਹਾਡੀ ਜਾਂਚ ਦੇ ਨਤੀਜੇ ਦੇ ਹਿੱਸੇ ਵਜੋਂ ਤੁਹਾਨੂੰ ਇੱਕ ਸੰਖਿਆ ਦਿੱਤੀ ਗਈ ਹੈ ਜਿਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਉਪ੍ਰੋਕਤ ਰੋਗ ਹੋਣ ਦੀ ਕਿੰਨੀ ਕੁ ਗੁੰਜਾਇਸ਼ ਹੈ।

### “ਸਕ੍ਰੀਨ ਪਾਜ਼ੇਟਿਵ” ਨਤੀਜੇ ਦੀ ਇੱਕ ਮਿਸਾਲ ਹੇਠਾਂ ਦਿੱਤੀ ਜਾ ਰਹੀ ਹੈ:

ਡਾਊਨ ਸਿੰਡਰਮ ਹੋਣ ਦੇ ਮੌਕੇ 1:100 ਹਨ। ਇਹ ਅਜਿਹਾ ਕਹਿਣ ਵਾਂਗ ਹੀ ਹੈ ਜਿਵੇਂ:

- ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ ਹੋਣ ਦੀ ਗੁੰਜਾਇਸ਼ 1% ਹੈ; **ਜਾਂ**
- ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ ਨਾ ਹੋਣ ਦੀ ਗੁੰਜਾਇਸ਼ 99% ਹੈ; **ਜਾਂ**
- ਜੇ 100 ਔਰਤਾਂ ਦਾ ਨਤੀਜਾ ਇਹੋ ਹੀ ਹੋਵੇ ਤਾਂ ਉਨ੍ਹਾਂ ਵਿੱਚੋਂ ਇੱਕ ਨੂੰ ਡਾਊਨ ਸਿੰਡਰਮ ਵਾਲਾ ਬੱਚਾ ਪੈਦਾ ਹੋਵੇਗਾ ਅਤੇ ਬਾਕੀ 99 ਨੂੰ ਨਹੀਂ।

ਜਾਂਚ ਦੇ ਨਤੀਜੇ ਮੁਤਾਬਕ ਤੁਸੀਂ ਹੇਠ ਲਿਖੇ ਰੋਗ ਲਈ “ਸਕ੍ਰੀਨ ਪਾਜ਼ੇਟਿਵ” ਹੋ:
According to your screen result, you screened positive for:

ਡਾਉਨ ਸਿੰਡਰਮ (Down syndrome), ਟਰਾਈਸੋਮੀ 18 (Trisomy 18), ਓ.ਐੱਨ.ਟੀ.ਡੀਜ਼. (ONTDs)
Please circle condition that applies.

ਤੁਹਾਡੇ ਬੱਚੇ ਨੂੰ ਇਹ ਰੋਗ ਹੋਣ ਦੀ ਗੁੰਜਾਇਸ਼:
The chance your baby has this condition is:
_________ ਵਿੱਚੋਂ 1 ਹੈ, ਜਿਹੜੀ ਕਿ ____________% ਬਣਦੀ ਹੈ।
1 in xxx which is xx%

### ਹੁਣ ਕੀ ਹੋਵੇਗਾ?

ਹੋ ਸਕਦਾ ਹੈ ਤੁਹਾਡੇ ਡਾਕਟਰ ਨੂੰ ਇਹ ਗੱਲ ਤਸਦੀਕ ਕਰਨੀ ਪਵੇ ਕਿ ਤੁਸੀਂ ਕਿੰਨੀ ਦੇਰ ਤੋਂ ਗਰਭਵਤੀ ਹੋ। ਇਹ ਗੱਲ ਪੱਕੀ ਕਰਨਾ ਅਹਿਮ ਹੈ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਾਂਚ ਦੇ ਨਤੀਜਿਆਂ ਦੇ ਦਰੁਸਤ ਹੋਣ ਲਈ ਗਰਭ ਧਾਰਨ ਕਰਨ ਦੀ ਸਹੀ ਤਾਰੀਖ਼ ਵਰਤੀ ਜਾਵੇ।

*ਜੇ ਤੁਹਾਨੂੰ ਤੰਤੂ ਨਲੀ ਦੇ ਖੁੱਲ੍ਹੇ ਹੋਣ ਦੇ ਨੁਕਸ ਨਾਲ ਸੰਬੰਧਤ ਜਿਨੈਟਿਕ ਟੈਸਟ “ਸਕ੍ਰੀਨ ਪਾਜ਼ੇਟਿਵ” ਹੋਵੇ* ਤਾਂ ਤੁਹਾਨੂੰ ਵੇਰਵੇਦਾਰ ਅਲਟਰਾਸਾਊਂਡ ਕਰਾਉਣ ਲਈ ਕਿਹਾ ਜਾਵੇਗਾ ਅਤੇ ਵੈਨਕੂਵਰ ਜਾਂ ਵਿਕਟੋਰੀਆ ਵਿਚਲੇ ਬੀ.ਸੀ. ਦੇ ਮੈਡੀਕਲ ਜਿਨੈਟਿਕਸ ਕਲੀਨਿਕਾਂ ਵਿਚੋਂ ਕਿਸੇ ਵਿੱਚ ਗਰਭ ਅਵਸਥਾ ਦੇ ਮਾਹਿਰ ਡਾਕਟਰ ਜਾਂ ਜਿਨੈਟਿਕ ਕੌਂਸਲਰ ਨਾਲ ਐਪੁਆਇੰਟਮੈਂਟ ਦੀ ਸਿਫਾਰਸ਼ ਵੀ ਕੀਤੀ ਜਾ ਸਕਦੀ ਹੈ। ਜੇ ਤੁਹਾਡੇ ਬੱਚੇ ਨੂੰ ਤੰਤੂ ਨਲੀ ਦੇ ਖੁੱਲ੍ਹੇ ਹੋਣ ਨਾਲ ਸੰਬੰਧਤ ਰੋਗ ਹੋਵੇ ਤਾਂ ਆਮ ਤੌਰ ’ਤੇ ਇਹ ਅਲਟਰਾਸਾਊਂਡ ਵਿੱਚ ਨਜ਼ਰ ਆ ਜਾਂਦਾ ਹੈ।

*ਜੇ ਤੁਹਾਨੂੰ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਲਈ ਜਾਂਚ ਦਾ ਨਤੀਜਾ “ਸਕ੍ਰੀਨ ਪਾਜ਼ੇਟਿਵ” ਵਿੱਚ ਦੱਸਿਆ ਜਾਵੇ ਤਾਂ* ਤੁਹਾਨੂੰ ਇੱਕ ਅਜਿਹਾ ਟੈਸਟ ਕਰਾਉਣ ਲਈ ਕਿਹਾ ਜਾਵੇਗਾ ਜਿਸ ਤੋਂ ਤੁਹਾਨੂੰ ਪੱਕਾ ਪਤਾ ਲੱਗ ਸਕੇਗਾ ਕਿ ਕੀ ਤੁਹਾਡੇ ਬੱਚੇ ਨੂੰ ਉਪ੍ਰੋਕਤ ਵਿੱਚੋਂ ਕੋਈ ਰੋਗ ਹੈ। ਇਸ ਟੈਸਟ ਨੂੰ ਐਮਨੀਉਸੈਂਟੇਸਿਜ਼ ਕਿਹਾ ਜਾਂਦਾ ਹੈ।

### ਐਮਨੀਉਸੈਂਟੇਸਿਜ਼ ਕੀ ਹੁੰਦਾ ਹੈ?

ਇਹ ਇੱਕ ਤਸ਼ਖੀਸੀ ਟੈਸਟ ਹੁੰਦਾ ਹੈ। ਇਸ ਤੋਂ ਤੁਹਾਨੂੰ ਪੱਕਾ ਪਤਾ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਤਾਂ ਨਹੀਂ ਹੈ। ਇਸ ਵਾਸਤੇ ਆਮ ਤੌਰ ’ਤੇ ਤੁਹਾਡੇ ਪੇਟ ਵਿੱਚ ਬੇਹੱਦ ਮਹੀਨ ਸੂਈ ਪਾ ਕੇ ਬੱਚੇ ਦੁਆਲਿਉਂ ਕੁੱਝ ਚਮਚ ਐਮਨਿਓਟਿਕ ਤਰਲ ਖਿੱਚਿਆ ਜਾਂਦਾ ਹੈ। ਸੂਈ ਨੂੰ ਅਲਟਰਾਸਾਊਂਡ ਰਾਹੀਂ ਵੇਖ ਕੇ ਸੇਧ ਦਿੱਤੀ ਜਾਂਦੀ ਹੈ ਤਾਂ ਜੋ ਇਹ ਬੱਚੇ ਨੂੰ ਨਾ ਛੂਹੇ। ਨਮੂਨੇ ਵਜੋਂ ਲਏ ਤਰਲ ਵਿਚਲੇ ਬੱਚੇ ਦੇ ਸੈੱਲਾਂ ਦੀ ਇਹ ਵੇਖਣ ਲਈ ਪਰਖ ਕੀਤੀ ਜਾਂਦੀ ਹੈ ਕਿ ਕਿਤੇ ਇਸ ਵਿੱਚ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਜਾਂ ਕ੍ਰੋਮੋਸੋਮਾਂ ਨਾਲ ਸੰਬੰਧਤ ਕੋਈ ਹੋਰ ਰੋਗ ਹੈ *ਜਾਂ ਨਹੀਂ*।

ਐਮਨੀਉਸੈਂਟਿਸਿਜ਼ ਕਾਰਣ ਗਰਭਪਾਤ ਹੋਣ ਦਾ 200 ਪਿੱਛੇ 1 (0.5%) ਮੌਕਾ ਹੁੰਦਾ ਹੈ। ਦੂਜੇ ਲਫਜ਼ਾਂ ਵਿੱਚ, ਜੇ 200 ਔਰਤਾਂ ਨੂੰ ਐਮਨੀਉਸੈਂਟੇਸਿਜ਼ ਹੋਵੇ ਤਾਂ ਇਸ ਕਾਰਵਾਈ ਦੇ ਨਤੀਜੇ ਵਜੋਂ ਇੱਕ ਦਾ ਗਰਭਪਾਤ ਹੋਵੇਗਾ।

ਐਮਨੀਉਸੈਂਟੇਸਿਜ਼ ਦੇ ਨਤੀਜੇ 2 ਤੋਂ 3 ਹਫਤਿਆਂ ਵਿੱਚ ਤਿਆਰ ਹੋ ਜਾਂਦੇ ਹਨ।

### ਕੀ ਮੈਨੂੰ ਐਮਨੀਉਸੈਂਟੇਸਿਜ਼ ਕਰਵਾ ਲੈਣਾ ਚਾਹੀਦਾ ਹੈ?

ਇਹ ਤੁਹਾਡੀ ਮਰਜ਼ੀ ਹੈ। ਜ਼ਰੂਰੀ ਨਹੀਂ ਕਿ “ਸਕ੍ਰੀਨ ਪਾਜ਼ੇਟਿਵ” ਨਤੀਜੇ ਵਾਲੀ ਹਰ ਔਰਤ ਐਮਨੀਉਸੈਂਟੇਸਿਜ਼ ਕਰਾਵੇ। ਆਪਣਾ ਇਰਾਦਾ ਬਣਾਉਣ ਲਈ ਹੇਠ ਲਿਖੇ ਸਵਾਲਾਂ ਬਾਰੇ ਵਿਚਾਰ ਕਰੋ।

- ਕੀ ਮੈਨੂੰ “ਸਕ੍ਰੀਨ ਟੈਸਟ” ਦੇ ਨਤੀਜੇ ਉੱਤੇ ਦਿੱਤੀ ਸੰਭਾਵਨਾ ਵੱਧ ਲੱਗਦੀ ਹੈ ਜਾਂ ਘੱਟ?
- ਕੀ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਮੈਨੂੰ ਇਹ ਗੱਲ ਪੱਕੀ ਪਤਾ ਲੱਗਣੀ ਚਾਹੀਦੀ ਹੈ ਕਿ ਮੇਰੇ ਬੱਚੇ ਨੂੰ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਤਾਂ ਨਹੀਂ ਹੈ?
- ਜੇ ਮੈਨੂੰ ਪਤਾ ਲੱਗੇ ਕਿ ਮੇਰੇ ਬੱਚੇ ਨੂੰ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਹੈ ਤਾਂ ਮੈਂ ਇਸ ਜਾਣਕਾਰੀ ਦਾ ਕੀ ਕਰਾਂਗੀ? ਕੀ ਮੈਂ ਗਰਭ ਗਿਰਵਾ ਦਿਆਂਗੀ? ਕੀ ਮੈਂ ਗਰਭ ਰੱਖਾਂਗੀ? ਕੀ ਮੈਂ ਇਸ ਜਾਣਕਾਰੀ ਦੀ ਵਰਤੋਂ ਖਾਸ ਲੋੜਾਂ ਵਾਲੇ ਬੱਚੇ ਲਈ ਤਿਆਰ ਹੋਣ ਵਾਸਤੇ ਕਰਾਂਗੀ? ਕੀ ਮੈਂ ਬੱਚੇ ਨੂੰ ਗੋਦ ਦੇਣ ਦੀ ਕਾਰਵਾਈ ਕਰਾਂਗੀ?
- ਐਮਨੀਉਸੈਂਟੇਸਿਜ਼ ਕਰਾਉਣ ਵਾਲੀਆਂ ਬਹੁਤੀਆਂ ਔਰਤਾਂ ਦਾ ਗਰਭਪਾਤ ਨਹੀਂ ਹੋ ਜਾਂਦਾ ਪਰ ਕੀ ਮੈਨੂੰ ਲੱਗਦਾ ਹੈ ਕਿ 200 ਵਿੱਚੋਂ 1 ਦਾ ਗਰਭਪਾਤ ਹੋਣ ਦਾ ਜ਼ੋਖਮ ਮੇਰੇ ਲਈ ਬਹੁਤ ਜ਼ਿਆਦਾ ਹੈ।
- ਜੇ ਮੈਂ ਐਮਨੀਉਸੈਂਟੇਸਿਜ਼ ਨਾ ਕਰਾਵਾਂ ਤਾਂ ਕੀ ਬਾਕੀ ਦਾ ਗਰਭਕਾਲ ਮੈਂ ਬੇਹੱਦ ਪ੍ਰੇਸ਼ਾਨ ਰਹਾਂਗੀ?
- ਮੇਰੇ ਲਈ ਵਧੇਰੇ ਔਖਾ ਕੀ ਹੋਵੇਗਾ – ਜੇ ਮੈਂ ਐਮਨੀਉਸੈਂਟੇਸਿਜ਼ ਕਰਾਵਾਂ ਅਤੇ ਗਰਭਪਾਤ ਹੋ ਜਾਵੇ, ਜਾਂ ਐਮਨੀਉਸੈਂਟੇਸਿਜ਼ ਨਾ ਕਰਾਵਾਂ ਅਤੇ ਪਤਾ ਲੱਗੇ ਕਿ ਮੈਂ ਅਜਿਹੇ ਬੱਚੇ ਨੂੰ ਜਨਮ ਦਿੱਤਾ ਹੈ ਜਿਸ ਨੂੰ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਹੈ।

### ਜੇ ਐਮਨੀਉਸੈਂਟੇਸਿਜ਼ ਦੇ ਨਤੀਜਿਆਂ ਜਾਂ ਵੇਰਵੇਦਾਰ ਅਲਟਰਾਸਾਊਂਡ ਤੋਂ ਪਤਾ ਲੱਗੇ ਕਿ ਤੁਹਾਡੇ ਬੱਚੇ ਨੂੰ ਉਪ੍ਰੋਕਤ ਵਿੱਚੋਂ ਕੋਈ ਰੋਗ ਹੈ ਤਾਂ ਫਿਰ ਕੀ ਹੋਵੇਗਾ?

ਤੁਹਾਡਾ ਡਾਕਟਰ ਅਤੇ ਮੈਡੀਕਲ ਜਿਨੈਟਿਸਿਸਟ ਜਾਂ ਜਿਨੈਟਿਕ ਕੌਂਸਲਰ ਵੀ ਤੁਹਾਡੇ ਨਾਲ ਤੁਹਾਡੇ ਸਾਮ੍ਹਣੇ ਪੇਸ਼ ਰਾਹਾਂ ਬਾਰੇ ਵਿਚਾਰ-ਵਟਾਂਦਰੇ ਲਈ ਅਤੇ ਤੁਹਾਨੂੰ ਤੁਹਾਡੇ ਵਾਸਤੇ ਜਿਹੜਾ ਫੈਸਲਾ ਸਹੀ ਹੋਵੇ, ਕਰਨ ਵਿੱਚ ਮਦਦ ਦੇਣ ਲਈ ਮੌਜੂਦ ਹੁੰਦੇ ਹਨ।

ਮਿਹਰਬਾਨੀ ਕਰ ਕੇ ਇਸ ਨੂੰ ਪੜ੍ਹਨ, ਇਸ ’ਤੇ ਵਿਚਾਰ ਕਰਨ ਅਤੇ ਆਪਣੇ ਸਾਥੀ ਜਾਂ ਪਰਿਵਾਰ ਵਾਲਿਆਂ ਨਾਲ ਵਿਚਾਰ ਕਰਨ ਲਈ ਘਰ ਨਾਲ ਲੈ ਜਾਓ। ਜੇ ਤੁਸੀਂ ਕੋਈ ਹੋਰ ਸਵਾਲ ਪੁੱਛਣੇ ਹੋਣ ਜਾਂ ਮਹਿਸੂਸ ਕਰੋਂ ਕਿ ਤੁਹਾਡੇ ਸਾਮ੍ਹਣੇ ਰਾਸਤਿਆਂ ਬਾਰੇ ਗੱਲਬਾਤ ਕਰਨ ਲਈ ਕਿਸੇ ਜਿਨੈਟਿਕ ਕੌਂਸਲਰ ਨਾਲ ਗੱਲ ਕਰਨਾ ਲਾਹੇਵੰਦ ਰਹੇਗਾ, ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

*www.bcprenatalscreening.ca (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ)*

Provincial Health Services Authority
Province-wide solutions. Better health.